# ਡਿਜੀਟਲ ਟੈਲੀਵਿਜ਼ਨ (DTV) ਵਲ ਜਾਣ ਦਾ ਸਮਾਂ ਆ ਰਿਹਾ ਹੈ।

*ਨਾਟਕੀ ਤਰੀਕੇ ਨਾਲ ਬਿਹਤਰ ਟੈਲੀਵਿਜ਼ਨ ਲਈ ਤਿਆਰ ਹੋਵੋ।*

**ਕਾਨੂੰਨ ਅਨੁਸਾਰ, ਦੇਸ਼ ਭਰ ਵਿਚਲੇ ਟੈਲੀਵਿਜ਼ਨ ਸਟੇਸ਼ਨਾਂ ਨੂੰ** 17 ਫ਼ਰਵਰੀ 2009* ਤੋਂ, ਆਪਣੇ ਪ੍ਰਸਾਰਣ ਨੂੰ ਐਨਾਲਾੱਗ ਤੋਂ ਡਿਜੀਟਲ ਵਿਚ **ਬਦਲਣਾ ਪਏਗਾ।** ਕੇਬਲ, ਉਪਗ੍ਰਹਿ ਜਾਂ ਇਕ ਟੈਲੀਫ਼ੋਨ ਕੰਪਨੀ ਵਾਲੀ ਟੈਲੀਵਿਜ਼ਨ ਸੇਵਾ ਨਾਲ ਜੁੜੇ ਟੈਲੀਵਿਜ਼ਨ ਸੈਟਾਂ 'ਤੇ ਅਸਰ ਨਹੀਂ ਪਏਗਾ ਅਤੇ ਉਹ ਇਸ ਤਾਰੀਖ਼ ਤੋਂ ਮਗਰੋਂ ਵੀ ਪ੍ਰੋਗਰਾਮ ਪ੍ਰਾਪਤ ਕਰਨਾ ਜਾਰੀ ਰਖਣਗੇ। ਪਰ ਐਨਾਲਾੱਗ ਟੈਲੀਵਿਜ਼ਨ ਸੈਟਾਂ ਨੂੰ, ਜੋ ਆਪਣੇ ਸੰਕੇਤ, ਇਕ ਐਨਟੀਨਾ ਤੋਂ ਲੈਂਦੇ ਹਨ ਅਤੇ ਭੁਗਤਾਨ ਵਾਲੀ ਇਕ ਟੈਲੀਵਿਜ਼ਨ ਸੇਵਾ ਨਾਲ ਨਹੀਂ ਜੁੜੇ, ਬਦਲਣ ਵਾਲੀ ਤਾਰੀਖ਼ ਮਗਰੋਂ, ਇਕ ਟੈਲੀਵਿਜ਼ਨ ਸੰਕੇਤ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਇਕ DTV ਕਰਨਵਰਟਰ ਬਾੱਕਸ ਦੀ ਲੋੜ ਪਏਗੀ।

*ਘੱਟ-ਪਾਵਰ ਅਤੇ ਸ਼੍ਰੇਣੀ ATV ਸਟੇਸ਼ਨਾਂ ਨੂੰ ਛੋਟ ਹੈ

## ਡਿਜੀਟਲ ਟੈਲੀਵਿਜ਼ਨ (DTV) ਕੀ ਹੈ?

**ਡਿਜੀਟਲ ਟੈਲੀਵਿਜ਼ਨ (DTV) ਇਕ ਕਾਢ ਵਾਲੀ**, ਨਵੀ ਕਿਸਮ ਦੀ ਹਵਾ ਰਾਹੀਂ ਪ੍ਰਸਾਰਣ ਦੀ ਤਕਨਾਲੋਜੀ ਹੈ, ਜੋ ਤਸਵੀਰਾਂ ਨੂੰ ਹਵਾਈ ਤਰੰਗਾਂ 'ਤੇ ਕੰਪਿਊਟਰ ਵਾਂਗ, ਡਾਟਾ ਬਿਟਸ ਰਾਹੀਂ ਭੇਜਦੀ ਹੈ। DTV, ਟੀਵੀ ਸਟੇਸ਼ਨਾਂ ਨੂੰ ਬਹੁਤ ਜ਼ਿਆਦਾ ਸਾਫ਼ ਤਸਵੀਰਾਂ, ਅਵਾਜ਼ ਦੀ ਬਿਹਤਰ ਕੁਆਲਿਟੀ ਅਤੇ ਪ੍ਰੋਗਰਾਮ ਦੀਆਂ ਵਧੇਰੇ ਚੋਣਾਂ ਮੁਹਈਆ ਕਰਨ ਦੇ ਯੋਗ ਬਣਾਉਂਦਾ ਹੈ।

DTV, HD ਸੈਟ ਵਾਲੇ ਦਰਸ਼ਕਾਂ ਲਈ ਬਿਹਤਰੀਨ ਸਪਸ਼ਟਤਾ (HD) ਵਾਲੇ ਪ੍ਰਸਾਰਣ ਨੂੰ ਵੀ ਸੰਭਵ ਬਣਾਉਂਦਾ ਹੈ ਅਤੇ ਅੰਤਰਸਰਗਰਮ ਸਮਰੱਥਾਵਾਂ ਅਤੇ ਅੰਕੜਾ ਸੇਵਾਵਾਂ, ਜਿਵੇਂ ਕਿ ਚੋਖੀ ਵਧੀ ਹੋਈ ਨਜ਼ਦੀਕੀ ਕੈਪਸ਼ਨਿੰਗ ਮੁਹਈਆ ਕਰਦਾ ਹੈ।

## ਇਹ ਤਬਦੀਲੀ ਕਿਉਂ?

**ਕਾਂਗਰਸ ਵਲੋਂ ਮੰਜ਼ੂਰ ਕੀਤੇ ਗਏ ਕਾਨੂੰਨ ਹੇਠ** – 2005 ਦੇ ਖ਼ਸਾਰਾ ਕਟੌਤੀ ਕਾਨੂੰਨ – ਮੁਕੰਮਲ-ਤੌਰ 'ਤੇ ਸਮਰੱਥ ਸਥਾਨਕ ਟੈਲੀਵਿਜ਼ਨ ਸਟੇਸ਼ਨਾਂ ਨੂੰ, 17 ਫ਼ਰਵਰੀ 2009 ਨੂੰ ਆਪਣੇ ਐਨਾਲਾੱਗ ਚੈਨਲ ਬੰਦ ਕਰਨ ਅਤੇ ਪ੍ਰਸਾਰਣ ਨੂੰ ਵਿਸ਼ੇਸ਼ ਤੌਰ 'ਤੇ ਡਿਜੀਟਲ ਫ਼ਾਰਮੈਟ ਵਿਚ ਜਾਰੀ ਰੱਖਣ ਦੀ ਲੋੜ ਹੋਏਗੀ।

## DTV ਦੇ ਕੀ ਲਾਭ ਹਨ?

**DTV, ਪ੍ਰਸਾਰਣ ਦਾ ਇਕ ਵਧੇਰੇ ਕੁਸ਼ਲ ਤਰੀਕਾ ਹੈ** ਅਤੇ ਇਹ ਕਈ ਤਰ੍ਹਾਂ ਦੀਆਂ ਨਵੀਆਂ ਸੇਵਾਵਾਂ ਲਈ ਹਵਾਈ ਤਰੰਗਾਂ ਨੂੰ ਖ਼ਾਲੀ ਰੱਖੇਗਾ। DTV ਸਾਫ਼ ਸਪਸ਼ਟ ਤਸਵੀਰਾਂ ਅਤੇ ਅਵਾਜ਼, ਵਧੇਰੇ ਚੈਨਲ ਅਤੇ ਇਥੋਂ ਤੱਕ ਕਿ HD ਟੈਲੀਵਿਜ਼ਨ ਸੈਟਾਂ ਵਾਲੇ ਖ਼ਪਤਕਾਰਾਂ ਲਈ ਮੁਫ਼ਤ, ਹਵਾ ਰਾਹੀਂ ਬਿਹਤਰੀਨ ਸਪਸ਼ਟਤਾ (HDTV) ਵਾਲੇ ਪ੍ਰਸਾਰਣ ਵੀ ਮੁਹਈਆ ਕਰਦਾ ਹੈ। DTV, ਮੁਫ਼ਤ ਪ੍ਰਸਾਰਣ ਟੀਵੀ ਨਾਲ ਪਹਿਲਾਂ ਤੋਂ ਕਿਤੇ ਵੱਧ ਸੇਵਾਵਾਂ ਦੀ ਮੰਜ਼ੂਰੀ ਵੀ ਦਏਗਾ।

## ਕੌਣ ਪ੍ਰਭਾਵਿਤ ਹੋਣਗੇ?

**ਖ਼ਪਤਕਾਰ, ਜੋ** ਐਨਾਲਾੱਗ ਟਿਊਨਰਸ ਨਾਲ ਲੈਸ ਟੈਲੀਵਿਜ਼ਨ ਸੈਟਾਂ 'ਤੇ ਐਨਟੀਨੇ ਰਾਹੀਂ **ਮੁਫ਼ਤ ਪ੍ਰਸਾਰਣ ਦੇ** ਟੈਲੀਵਿਜ਼ਨ ਸੰਕੇਤ **ਪ੍ਰਾਪਤ ਕਰਦੇ ਹਨ** – ਅਤੇ ਜੋ ਕੇਬਲ, ਉਪਗ੍ਰਹਿ ਜਾਂ ਇਕ ਟੈਲੀਫ਼ੋਨ ਕੰਪਨੀ ਵਾਲੀਆਂ ਟੈਲੀਵਿਜ਼ਨ ਸੇਵਾਵਾਂ ਨਾਲ ਨਹੀਂ ਜੁੜਦੇ – ਇਸ ਤਬਦੀਲੀ ਤੋ ਪ੍ਰਭਾਵਿਤ ਹੋਣਗੇ।

**ਘੱਟੋ-ਘੱਟ 19.6 ਮਿਲੀਅਨ ਘਰ,** ਆਪਣੇ ਘਰਾਂ ਵਿਚ ਵਿਸ਼ੇਸ਼ ਤੌਰ 'ਤੇ ਮੁਫ਼ਤ ਪ੍ਰਸਾਰਣ ਟੈਲੀਵਿਜ਼ਨ ਸੰਕੇਤ ਪ੍ਰਾਪਤ ਕਰਦੇ ਹਨ ਅਤੇ ਲਗਭਗ 70 ਮਿਲੀਅਨ ਟੈਲੀਵਿਜ਼ਨ ਸੈਟ, 17 ਫ਼ਰਵਰੀ 2009 ਤੋਂ ਬਾਦ, ਜੇ ਇਹਨਾਂ ਸੈਟਾਂ ਦੇ ਮਾਲਕ, ਆਧੁਨਿਕ ਬਣਾਉਣ ਦੀਆਂ ਕਾਰਵਾਈਆਂ ਨਹੀਂ ਕਰਦੇ, ਮੁਕੰਮਲ-ਤੌਰ 'ਤੇ ਸਮਰੱਥ ਟੈਲੀਵਿਜ਼ਨ ਸਟੇਸ਼ਨਾਂ ਤੋਂ ਆਪਣੇ ਸੰਕੇਤ ਗੁਆਉਣ ਦੇ ਖ਼ਤਰੇ ਹੇਠ ਹਨ।

## ਮੈਂ DTV ਲਈ ਇਸਨੂੰ ਕਿਵੇਂ ਆਧੁਨਿਕ ਕਰ ਸਕਦਾ/ਸਕਦੀ ਹਾਂ?

**ਤੁਸੀਂ 17 ਫ਼ਰਵਰੀ, 2009 ਤੱਕ ਹੇਠ ਲਿਖੀਆਂ ਤਿੰਨ ਕਾਰਵਾਈਆਂ 'ਚੋਂ ਇਕ ਰਾਹੀਂ ਇਸਨੂੰ DTV ਲਈ ਆਧੁਨਿਕ ਬਣਾ ਸਕਦੇ ਹੋ:**

**1. DTV** ਕਨਵਰਟਰ **ਬਾੱਕਸ:** ਇਕ DTV ਕਨਵਰਟਰ ਬਾੱਕਸ ਖ਼ਰੀਦੋ, ਜੋ ਤੁਹਾਡੇ ਮੌਜੂਦਾ ਐਨਾਲਾੱਗ ਟੀਵੀ ਸੈਟ ਵਿਚ ਲੱਗ ਸਕਦਾ ਹੈ। ਇਕ ਕਨਵਰਟਰ ਬਾੱਕਸ, ਤੁਹਾਨੂੰ ਮੁਫ਼ਤ ਟੈਲੀਵਿਜ਼ਨ ਪ੍ਰਸਾਰਣ ਪ੍ਰਾਪਤ ਕਰਨਾ ਜਾਰੀ ਰੱਖਣ ਦੇ ਯੋਗ ਬਣਾਏਗਾ ਅਤੇ ਇਹ ਬਾੱਕਸ, ਜਿਹਨਾਂ ਦੀ ਲਾਗਤ $40 ਅਤੇ $70 ਵਿਚਕਾਰ ਹੋਣ ਦੀ ਸੰਭਾਵਨਾ ਹੈ, 2008 ਦੇ ਸ਼ੁਰੂ ਵਿਚ ਖ਼ਰੀਦੇ ਜਾਣ ਲਈ ਉਪਲਬਧ ਹੋਣਗੇ। ਫ਼ੈਡਰਲ ਸਰਕਾਰ $40 ਦੇ ਕੂਪਨ ਮੁਹਈਆ ਕਰ

(ਪਿਛਲੇ ਪਾਸੇ ਜਾਰੀ)

ਰਹੀ ਹੈ, ਜਿਸਨੂੰ ਤੁਸੀਂ ਇਹਨਾਂ ਬਾੱਕਸਾਂ ਨੂੰ ਖ਼ਰੀਦਣ ਲਈ ਵਰਤ ਸਕਦੇ ਹੋ। *(ਵੇਰਵਿਆਂ ਲਈ ਹੇਠਾਂ ਵੇਖੋ)*

**2. ਡਿਜੀਟਲ ਟੀਵੀ ਸੈਟ**: ਅੰਦਰ ਹੀ ਲੱਗਿਆ ਡਿਜੀਟਲ ਤਕਨੀਕ ਵਾਲਾ ਇਕ ਨਵਾਂ ਟੈਲੀਵਿਜ਼ਨ ਸੈਟ ਜਾਂ ਐਡਵਾਂਸਡ ਟੈਲੀਵਿਜ਼ਨ ਸਿਸਟਮਸ ਕਮੇਟੀ (ATSC) ਟਿਊਨਰ, ਜੋ $100 ਤੋਂ ਘੱਟ ਦੀ ਲਾਗਤ ਨਾਲ ਸ਼ੁਰੂ ਹੁੰਦਾ ਹੈ। ਡਿਜੀਟਲ ਟਿਊਨਰ ਵਾਲੇ ਸਾਰੇ ਟੀਵੀ, ਟੈਲੀਵਿਜ਼ਨ ਸਟੇਸ਼ਨਾਂ ਵਲੋਂ ਪ੍ਰਸਾਰਿਤ ਕੀਤੇ ਜਾਂਦੇ ਡਿਜੀਟਲ ਸੰਕੇਤਾਂ ਨੂੰ ਪ੍ਰਾਪਤ ਕਰ ਸਕਦੇ ਹਨ, ਤਾਂਕਿ ਤੁਸੀਂ ਮਹੀਨੇ ਦੀ ਫ਼ੀਸ ਦਿੱਤੇ ਬਿਨਾ ਮੁਫ਼ਤ ਪ੍ਰੋਗਰਾਮ ਪ੍ਰਾਪਤ ਕਰਨਾ ਜਾਰੀ ਰਖ ਸਕੋ।

**3. ਭੁਗਤਾਨ ਵਾਲੀਆਂ ਸੇਵਾਵਾਂ**: ਜੇ ਉਸ ਸੇਵਾ ਵਲੋਂ ਸਾਰੇ ਇੱਛਤ ਸਥਾਨਕ ਪ੍ਰਸਾਰਣ ਸਟੇਸ਼ਨ ਚਲਾਏ ਜਾਂਦੇ ਹਨ, ਤਾਂ ਆਪਣੇ ਅਨਾਲਾੱਗ ਟੀਵੀ ਸੈਟ ਦੀ ਵਰਤੋਂ ਕਰਨਾ ਜਾਰੀ ਰਖਣ ਲਈ ਕੇਬਲ, ਉਪਗ੍ਰਹਿ ਜਾਂ ਸੇਵਾ ਮੁਹਈਆ ਕਰਨ ਵਾਲੀ ਇਕ ਟੈਲੀਫ਼ੋਨ ਕੰਪਨੀ ਦੇ ਮੈਂਬਰ ਬਣੋ।

## DTV ਕਨਵਰਟਰ ਬਾੱਕਸ ਕੀ ਹੈ?

**DTV ਕਨਵਰਟਰ ਬਾੱਕਸ ਇਕ ਇਲੈਕਟ੍ਰੌਨਿਕ** ਉਪਕਰਣ ਹੈ, ਜੋ ਤੁਹਾਡੇ ਅਨਾਲਾੱਗ ਟੈਲੀਵਿਜ਼ਨ ਸੈਟ ਅਤੇ ਐਨਟੀਨਾ ਨੂੰ ਜੋੜਦਾ ਹੈ ਅਤੇ ਡਿਜੀਟਲ ਟੈਲੀਵਿਜ਼ਨ ਸੰਕੇਤ ਨੂੰ ਤੁਹਾਡੇ ਅਨਾਲਾੱਗ ਟੀਵੀ 'ਤੇ ਵੇਖੇ ਜਾਣਯੋਗ ਬਣਾਉਣ ਲਈ ਅਨਾਲਾੱਗ ਵਿਚ ਤਬਦੀਲ ਕਰਦਾ ਹੈ। ਕਨਵਰਟਰ ਬਾੱਕਸ ਦੀ ਲਾਗਤ $40 ਅਤੇ $70 ਵਿਚਕਾਰ ਹੋਣ ਦੀ ਸੰਭਾਵਨਾ ਹੈ।

## ਮੈਂ ਇਕ DTV ਕਨਵਰਟਰ ਬਾੱਕਸ ਲਈ ਕੂਪਨ ਕਿਵੇਂ ਹਾਸਿਲ ਕਰ ਸਕਦਾ/ਸਕਦੀ ਹਾਂ?

**ਫ਼ੈਡਰਲ ਸਰਕਾਰ,** ਡਿਜੀਟਲ ਨੂੰ ਆਧੁਨਿਕ ਬਣਾਉਣ ਦੀਆਂ ਲਾਗਤਾਂ ਨਾਲ ਮਦਦ ਲਈ DTV ਕਨਵਰਟਰ ਬਾੱਕਸ ਵਾਸਤੇ ਕੂਪਨ **ਮੁਹਈਆ ਕਰ ਰਹੀ ਹੈ।** ਘਰ, ਹਰੇਕ $40 ਤੱਕ ਦੇ ਮੁਲ ਵਾਲੇ 2 ਕੂਪਨਾਂ ਤੱਕ ਲਈ ਅਰਜ਼ੀ ਦੇ ਸਕਦੇ ਹਨ, ਜੋ 90 ਦਿਨਾਂ ਦੇ ਅੰਦਰ ਅੰਦਰ ਵਰਤੇ ਜਾਣੇ ਚਾਹੀਦੇ ਹਨ। ਹੋਰ ਜਾਣਕਾਰੀ ਲਈ ਜਾਂ ਕੂਪਨ ਲਈ ਬੇਨਤੀ ਕਰਨ ਲਈ 1(888) DTV – 2009 ਜਾਂ 1(877)530-2664 (TTV) 'ਤੇ ਕਾਲ ਕਰੋ www.DTV 2009.gov ਵੇਖੋ ਜਾਂ ਕੂਪਨ ਅਰਜ਼ੀਆਂ PO Box 2000, Portland, OR 97208 'ਤੇ ਡਾਕ ਰਾਹੀਂ ਭੇਜੋ।

## ਕੀ ਮੈਂ ਆਪਣਾ ਅਨਾਲਾੱਗ ਟੀਵੀ ਸੈਟ ਰਖ ਸਕਦਾ/ਸਕਦੀ ਹਾਂ?

ਹਾਂ। ਤੁਹਾਡੇ ਕੋਲ DTV ਦੀ ਤਬਦੀਲੀ ਲਈ ਵਰਤੇ ਜਾਣ ਵਾਸਤੇ **ਇਕ ਨਵਾਂ ਡਿਜੀਟਲ ਟੈਲੀਵਿਜ਼ਨ ਸੈਟ ਖ਼ਰੀਦਣਾ** ਹੀ ਇਕੋ ਇਕ ਵਿਕਲਪ ਨਹੀਂ ਹੈ। ਜੇ ਤੁਸੀਂ ਆਪਣੇ ਅਨਾਲਾੱਗ ਸੈਟ ਦੀ ਵਰਤੋਂ ਕਰਨਾ ਜਾਰੀ ਰਖਣਾ ਚਾਹੁੰਦੇ ਹੋ, ਤਾਂ ਡਿਜੀਟਲ ਟੈਲੀਵਿਜ਼ਨ ਵਲ ਜਾਣ ਲਈ ਤੁਹਾਨੂੰ ਹੇਠ ਲਿਖੇ ਵਿਕਲਪਾਂ ਵਿਚੋਂ ਇਕ ਬਾਰੇ ਵਿਚਾਰ ਕਰਨੀ ਚਾਹੀਦੀ ਹੈ:

1. ਇਕ DTV ਕਨਵਰਟਰ ਬਾੱਕਸ ਖ਼ਰੀਦੋ, ਜੋ ਨਵੇਂ ਡਿਜੀਟਲ ਸੰਕੇਤਾਂ ਨੂੰ ਅਨਾਲਾੱਗ ਟੈਲੀਵਿਜ਼ਨ ਸੈਟਾਂ ਲਈ ਅਨਾਲਾੱਗ ਰੂਪ ਵਿਚ ਬਦਲੇਗਾ।

2. ਨਵੇਂ ਡਿਜੀਟਲ ਸੰਕੇਤ ਪ੍ਰਾਪਤ ਕਰਨ ਲਈ ਇਕ ਕੇਬਲ, ਉਪਗ੍ਰਹਿ ਜਾਂ ਸੇਵਾ ਮੁਹਈਆ ਕਰਨ ਵਾਲੀ ਕੰਪਨੀ ਦੇ ਮੈਂਬਰ ਬਣੋ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਕੋਲ ਅਨਾਲਾੱਗ ਜਾਂ ਡਿਜੀਟਲ ਟੈਲੀਵਿਜ਼ਨ ਸੈਟ ਹੈ?

**ਇਹ ਵੇਖਣ ਲਈ ਕਿ ਕੀ ਤੁਹਾਡਾ ਟੀਵੀ ਸੈਟ** ਹਵਾ ਵਿਚਲੇ ਡਿਜੀਟਲ ਪ੍ਰਸਾਰਣ ਸੰਕੇਤਾਂ ਨੂੰ ਪ੍ਰਾਪਤ ਕਰ ਸਕਦਾ ਹੈ, ਮਲਕੀਅਤ ਵਾਲੇ ਆਪਣੇ ਮੈਨੁਅਲ ਨੂੰ ਵੇਖੋ ਜਾਂ ਇਸ ਗੱਲ ਦੇ ਸੰਕੇਤ ਲਈ ਕਿ ਇਸ ਵਿਚ ਅੰਦਰ ਹੀ ਐਡਵਾਂਸਡ ਟੈਲੀਵਿਜ਼ਨ ਸਿਸਟਮਸ ਕਮੇਟੀ (ATSC) ਟਿਊਨਰ ਹੈ, ਸੈਟ ਨੂੰ ਵੇਖੋ। ਤੁਸੀਂ ਨਿਰਮਾਤਾ ਦੀ ਵੈਬਸਾਈਟ 'ਤੇ ਵੀ ਜਾ ਸਕਦੇ ਹੋ ਅਤੇ ਨਿਰਮਾਤਾ ਮਾੱਡਲ ਨੰਬਰ ਰਾਹੀਂ ਸੈਟ ਦੀਆਂ ਸਮਰਥਾਵਾਂ ਦਾ ਪਤਾ ਲਾਓ।

## ਕੀ HDTV, DTV ਵਰਗਾ ਹੀ ਹੈ?

**ਨਹੀਂ। DTV ਇਕ ਡਿਜੀਟਲ ਟੈਲੀਵਿਜ਼ਨ ਹੈ। HDTV** ਬਿਹਤਰੀਨ ਸਪਸ਼ਟਤਾ ਵਾਲਾ ਟੈਲੀਵਿਜ਼ਨ ਹੈ। HDTV, DTV ਦਾ ਬਿਹਤਰੀਨ ਕੁਆਲਿਟੀ ਵਾਲਾ ਰੂਪ ਹੈ, ਪਰ ਇਹ ਸਿਰਫ਼ ਕਈ ਰੂਪਾਂ ਵਿਚੋਂ ਇਕ ਹੈ। ਖਪਤਕਾਰ ਜਿਹਨਾਂ ਕੋਲ ਬਿਹਤਰੀਨ ਸਪਸ਼ਟਤਾ ਵਾਲੇ ਟੀਵੀ ਸੈਟ ਹਨ, ਇਕ ਐਨਟੀਨਾ ਦੀ ਵਰਤੋਂ ਨਾਲ ਬਿਹਤਰੀਨ ਸਪਸ਼ਟਤਾ ਵਾਲੇ ਪ੍ਰੋਗਰਾਮ ਮੁਫ਼ਤ ਪ੍ਰਾਪਤ ਕਰ ਸਕਦੇ ਹਨ।

## ਕੀ ਮੈਨੂੰ ਹਵਾ ਰਾਹੀਂ DTV ਪ੍ਰਾਪਤ ਕਰਨ ਲਈ ਇਕ ਵਿਸ਼ੇਸ਼ ਐਨਟੀਨਾ ਦੀ ਲੋੜ ਹੈ?

**ਘਰ ਦੇ ਅੰਦਰ ਜਾਂ ਬਾਹਰ ਲੱਗਣ ਵਾਲਾ ਇਕ ਚੰਗਾ ਐਨਟੀਨਾ** ਤੁਹਾਡੀ DTV ਪ੍ਰਾਪਤੀ ਨੂੰ ਵਧ ਤੋਂ ਵਧ ਕਰੇਗਾ। ਆਮ ਤੌਰ 'ਤੇ DTV ਦੀ ਮੰਨੀ ਜਾ ਸਕਣ ਵਾਲੀ ਪ੍ਰਾਪਤੀ ਲਈ ਉਸੇ ਕਿਸਮ ਦੇ ਐਨਟੀਨਾ ਦੀ ਲੋੜ ਹੋਏਗੀ, ਜੋ ਇਸ ਵੇਲੇ ਤੁਹਾਡੇ ਘਰ ਵਿਚ ਅਨਾਲਾੱਗ ਟੀਵੀ ਸੰਕੇਤਾਂ ਦੀ ਚੰਗੀ ਕੁਆਲਿਟੀ ਵਾਲੀ ਪ੍ਰਾਪਤੀ ਮੁਹਈਆ ਕਰਨ ਲਈ ਕੰਮ ਕਰਦਾ ਹੈ।

ਆਪਣਾ ਮੁਫ਼ਤ, ਸਥਾਨਕ ਪ੍ਰਸਾਰਣ ਵਾਲੇ ਟੀਵੀ ਚੈਨਲ ਪ੍ਰਾਪਤ ਕਰਨ ਲਈ ਬਾਹਰਲੇ ਐਨਟੀਨੇ ਦੀ ਚੋਣ ਕਰਨ ਵਾਸਤੇ ਸਹਾਇਤਾ ਲਈ www.antennaweb.org ਵੇਖੋ।